<u>**ਪੰਜਾਬ ਵਿਧਾਨ ਸਭਾ ਸਕੱਤਰੇਤ**</u>

<u>**ਕੁਟੇਸ਼ਨਾ ਮੰਗਵਾਉਣ ਸਬੰਧੀ ਨੋਟਿਸ**</u>

ਪੰਜਾਬ ਵਿਧਾਨ ਸਭਾ ਦੇ ਆਗਾਮੀ ਸਮਾਗਮ ਦੇ ਮਿਤੀ 30.12.2025 ਨੂੰ ਹੋ ਰਹੇ ਸੈਸ਼ਨ ਦੌਰਾਨ ਹਾਊਸ ਅੰਦਰ ਦੋ 4K Curved Shape LED Wall ਕਿਰਾਏ ਤੇ ਲਗਾਈਆਂ ਜਾਣੀਆਂ ਹਨ ।ਇਸ ਸਬੰਧੀ ਹੇਠ ਦਰਸਾਈਆਂ ਸ਼ਰਤਾਂ ਮੁਤਾਬਕ ਕੁਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ:-

1. ਵੈਂਡਰ Curved shape LED Wall ਮਿਤੀ 29.12.2025 ਸਵੇਰੇ 12:00 ਵਜੇ ਤੱਕ ਨੂੰ ਹਰ ਹਾਲਤ ਵਿੱਚ ਹਾਊਸ ਵਿੱਚ ਇੰਸਟਾਲ ਕਰਕੇ ਅਤੇ ਉਨ੍ਹਾਂ ਨੂੰ ਐਕਟਿਵ ਕਰਨਾ ਯਕੀਨੀ ਬਣਾਏਗਾ ।

2. ਸਕਰੀਨਾਂ ਨੂੰ ਵਿਧਾਨ ਸਭਾ ਪਹੁੰਚਾਉਣ ਲਈ ਟਰਾਂਸਪੋਰਟ ਚਾਰਜਿਜ਼ ਵੈਂਡਰ ਦੇ ਆਪਣੇ ਹੋਣਗੇ ।

3. ਪੂਰੇ ਸੈਸ਼ਨ ਦੌਰਾਨ ਸਕਰੀਨਾਂ ਨੂੰ ਨਿਰਵਿਘਨ ਐਕਟੀਵੇਟ ਰੱਖਣ ਦੀ ਜ਼ਿੰਮੇਵਾਰੀ ਵੈਂਡਰ ਦੀ ਹੋਵੇਗੀ ।

4. ਹਰ ਰੋਜ਼ ਸੈਸ਼ਨ ਸ਼ੁਰੂ ਹੋਣ ਤੋਂ ਘੱਟੋ-ਘੱਟ ਦੋ ਘੰਟੇ ਪਹਿਲਾਂ ਇਹ ਸਕਰੀਨਾਂ ਐਕਟੀਵੇਟ ਹੋ ਜਾਣੀਆਂ ਚਾਹੀਦੀਆਂ ਹਨ।

5. ਵੀਡੀਓ ਵਾਲਜ਼ ਦੇ ਭੁਗਤਾਨ ਸਮੇਂ ਜੀ.ਐਸ.ਟੀ. ਸਰਕਾਰੀ ਹਦਾਇਤਾਂ ਮੁਤਾਬਿਕ ਪੰਜਾਬ ਰਾਜ ਵਿੱਚ ਪੇਅਏਬਲ ਹੋਣਾ ਚਾਹੀਦਾ ਹੈ।

6. ਵੈਂਡਰ ਦਾ ਸੈਸ਼ਨ ਦੌਰਾਨ ਘੱਟੋ-ਘੱਟ ਇੱਕ ਐਕਸਪਰਟ ਵਿਧਾਨ ਸਭਾ ਵਿੱਚ ਮੌਜੂਦ ਰਹੇਗਾ।

7. ਸਕਰੀਨਾਂ ਦਾ ਸਾਈਜ਼ ↔x10 ਫੁੱਟ ਹੋਣਾ ਚਾਹੀਦਾ ਹੈ

8. ਵੀਡੀਓ ਵਾਲਜ਼ ਨਿਰਵਿਘਨ ਐਕਟੀਵੇਟ ਰੱਖਣ ਦਾ ਰੇਟ ਡੇਲੀ ਬੇਸਿਸ ਤੇ ਹੋਵੇਗਾ। ਅਗਰ ਸੈਸ਼ਨ ਦੌਰਾਨ ਕੋਈ ਛੁੱਟੀ/off day ਆ ਜਾਂਦਾ ਹੈ ਤਾਂ ਉਸ ਦਿਨ ਦੇ ਚਾਰਜਿਜ਼ ਸ਼ਾਮਿਲ ਨਹੀਂ ਹੋਣਗੇ।

9. ਜਿਸ ਵੈਂਡਰ ਕੋਲ ਇਸ ਸਬੰਧੀ ਕਿਸੇ ਵੀ ਵਿਧਾਨ ਸਭਾ ਵਿੱਚ ਇਹ ਵੀਡੀਓ ਵਾਲਜ਼ ਲਗਵਾਉਣ ਦਾ ਤਜਰਬਾ ਹੋਵੇਗਾ ਅਤੇ ਉਸ ਦੇ ਰੇਟ ਘੱਟ ਹੋਣਗੇ, ਉਸ ਨੂੰ ਪਹਿਲ ਦਿੱਤੀ ਜਾਵੇਗੀ।

10. ਵੈਂਡਰ ਹਾਊਸ ਵਿੱਚ ਇਸ ਢੰਗ ਨਾਲ ਵੀਡੀਓ ਵਾਲਜ਼ ਲਗਾਏਗਾ, ਜਿਸ ਨਾਲ ਗੈਲਰੀਆਂ ਵਿੱਚ ਬੈਠੇ ਵਿਅਕਤੀਆਂ ਨੂੰ ਹਾਊਸ ਦੇਖਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ ।

ਕਿਉਂਕਿ ਸੈਸ਼ਨ ਵਿੱਚ ਸਮਾਂ ਬਹੁਤ ਘੱਟ ਹੈ, ਇਸ ਲਈ ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਦੀਆਂ ਕੁਟੇਸ਼ਨਾਂ ਮਿਤੀ 26.12.2025 ਨੂੰ 12:00 ਵਜੇ ਦੁਪਹਿਰ ਤੋਂ ਪਹਿਲਾਂ-ਪਹਿਲਾਂ ਸੀਲਬੰਦ ਲਿਫਾਫੇ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਪਹੁੰਚ ਜਾਣੀਆਂ ਚਾਹੀਦੀਆਂ ਹਨ।

**ਮਿਤੀ- 23.12.2025**

**ਸਕੱਤਰ**

**ਪੰਜਾਬ ਵਿਧਾਨ ਸਭਾ**